ਹਿੰਦੂ ਧਰਮ ਗ੍ਰੰਥ ਬਨਾਮ ਗੁਰਬਾਣੀ

(ਸੰਪਾਦਕ: ਅਨੰਤ ਪ੍ਰਵਾਹ ਟ੍ਰਸਟ ਯੂ.ਕੇ.)

ਬਿੱਪ੍ਰਨ ਕੀ ਰੀਤ ਵਾਲੀ ਗਾਥਾ ਸਮਝਣ ਤੋਂ ਪਹਿਲਾਂ ਗੁਰਮਤਿ ਸਿਧਾਂਤ ਦੇ ਦੋ ਅਜਿਹੇ ਪੱਖ ਵਿਚਾਰਨੇ ਜ਼ਰੂਰੀ ਹਨ ਜਿਨ੍ਹਾਂ ਬਾਰੇ ਗੰਭੀਰ ਭੁਲੇਖੇ ਪਏ ਹੋਏ ਹਨ। ਉਹ ਵਿਸ਼ੇ ਹਨ:

੧. ਕੀ ਗੁਰਬਾਣੀ ਨੇ ਵੇਦਾਂ ਆਦਿ ਹਿੰਦੂ ਧਰਮ ਗ੍ਰੰਥਾਂ ਦੀ ਸਿੱਖਿਆ ਨੂੰ ਮਨੁੱਖਤਾ ਲਈ ਲਾਹੇਵੰਦ ਮੰਨਿਆ ਹੈ?

੨. ਗੁਰਬਾਣੀ ਅਨੁਸਾਰ ਨਿੰਦਿਆ ਦੇ ਠੀਕ ਅਰਥ ਕੀ ਹਨ?

ਸਾਧਾਂ ਸੰਤਾਂ ਅਤੇ ਡੇਰਿਆਂ ਦੇ ਮੁਖੀਆਂ ਦੇ ਉਪਦੇਸ਼ਾਂ ਵਿੱਚ ਅਤੇ ਡੇਰਾਵਾਦ ਦੀ ਉਪਜ ਪ੍ਰਚਾਰਕਾਂ ਦੇ ਭਾਸ਼ਨਾਂ ਵਿੱਚ ਵੇਦਾਂ ਆਦਿ ਵਿਚਲੀਆਂ ਮਿਥਿਹਾਸਿਕ ਕਥਾ ਕਹਾਣੀਆਂ ਅਤੇ ਉਨ੍ਹਾਂ ਦੀ ਬਾਣੀ ਦੇ ਸਲੋਕਾਂ ਨੂੰ ਗੁਰਮਤਿ ਦਾ ਹੀ ਅੰਗ ਦੱਸਿਆ ਜਾ ਰਿਹਾ ਹੁੰਦਾ ਹੈ। ਕਈ ਵਾਰੀ ਤਾਂ ਇਹ ਵੀ ਭੁਲੇਖਾ ਪੈ ਰਿਹਾ ਹੁੰਦਾ ਹੈ ਕਿ ਗੁਰਮਤਿ ਸਿਧਾਂਤ ਵੇਦ ਬਾਣੀ ਦੀ ਹੀ ਉਪਜ ਹੈ। ਡੇਰੇਦਾਰਾਂ ਵੱਲੋਂ ਲਿਖੀਆਂ ਪੁਸਤਕਾਂ ਵਿੱਚੋਂ ਤਾਂ ਅਜਿਹਾ ਪ੍ਰਚਾਰ ਬੜੇ ਜ਼ੋਰਦਾਰ ਸ਼ਬਦਾਂ ਵਿੱਚ ਲਿਖਿਆ ਹੋਇਆ ਮਿਲਦਾ ਹੈ।

ਅਗਿਆਨਤਾ ਵੱਸ ਜਾਂ ਵੇਦ ਬਾਣੀ ਦੀ ਪ੍ਰੌੜ੍ਹਤਾ ਵਾਲੇ ਆਪਣੇ ਵਿਚਾਰਾਂ ਦੀ ਪੁਸ਼ਟੀ ਲਈ ਕਈ ਪ੍ਰਚਾਰਕ ਗੁਰਬਾਣੀ ਦੀ ਇਹ ਤੁਕ ਜਾਣ ਬੁੱਝ ਕੇ ਪੜ੍ਹ ਰਹੇ ਹੁੰਦੇ ਹਨ – **ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੈ (੧੩੫੦)॥** ਹਿੰਦੂਆਂ ਦੇ ਕਿਸੇ ਵੀ ਧਰਮ ਗ੍ਰੰਥ ਨੂੰ ਕਤੇਬ ਨਹੀਂ ਕਿਹਾ ਜਾਂਦਾ। ਮੁਸਲਮਾਨੀ ਧਾਰਮਿਕ ਪੁਸਤਕਾਂ ਜੰਬੂਰ, ਕੁਰਾਨ, ਅੰਜੀਰ ਆਦਿ ਨੂੰ ਕਤੇਬ ਕਹਿੰਦੇ ਹਨ। ਸੋ ਅਜਿਹਾ ਕਹਿਣਾ ਕਿ ਗੁਰਬਾਣੀ ਨੇ ਉਨ੍ਹਾਂ ਲੋਕਾਂ ਨੂੰ ਝੂਠੇ ਕਿਹਾ ਹੈ ਜਿਹੜੇ ਵੇਦਾਂ ਪੁਰਾਣਾਂ ਨੂੰ ਝੂਠਾ ਕਹਿੰਦੇ ਹਨ, ਜਾਂ ਤਾਂ ਭੁਲੇਖੇ ਕਾਰਨ ਹੈ ਅਤੇ ਜਾਂ ਫਿਰ ਇਹ ਕੁਟਿਲ ਨੀਤੀ ਨਾਲ ਜਾਣ ਬੁੱਝ ਕੇ ਬੋਲਿਆ ਜਾਂਦਾ ਝੂਠ ਹੈ। ਭਗਤ ਕਬੀਰ ਜੀ ਨੇ ਉਸ ਸਮੇਂ ਆਪਸ ਵਿੱਚ ਵਿਰੋਧ ਰੱਖਣ ਵਾਲੇ ਹਿੰਦੂ ਅਤੇ ਮੁਸਲਮਾਨ ਦੋਹਾਂ ਧਰਮਾਂ ਦੀਆਂ ਧਰਮ ਪੁਸਤਕਾਂ ਦਾ ਨਾਮ ਕਿਸ ਕਾਰਨ ਲਿਆ? ਦੋਹਾਂ ਧਰਮਾਂ ਦੇ ਧਰਮ ਗ੍ਰੰਥਾਂ ਦਾ ਇਕੋ ਤੁਕ ਵਿੱਚ ਜ਼ਿਕਰ ਕਰਕੇ ਕਬੀਰ ਸਾਹਿਬ ਨੇ ਮਨੁੱਖ ਮਾਤ੍ਰ ਨੂੰ ਕਿਹੋ ਜਿਹਾ ਉਪਦੇਸ਼ ਦਿੱਤਾ ਹੈ? ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਸੁਹਿਰਦਤਾ ਨਾਲ ਲੱਭੀਏ ਤਾਂ ਮਸਲਾ ਆਪ ਹੀ ਹੱਲ ਹੋ ਜਾਂਦਾ ਹੈ। ਅਕਾਲ ਪੁਰਖ ਦੀਆਂ ਵਡਿਆਈਆਂ ਦੀ ਵਿਚਾਰ ਕਰਨਾ ਭੁੱਲ ਕੇ ਹਿੰਦੂ ਅਤੇ ਮੁਸਲਮਾਨ ਦੋਵੇਂ ਹੀ ਲੜਦੇ ਹੋਏ ਇੱਕ ਦੂਜੇ ਦੀਆਂ ਧਰਮ ਪੁਸਤਕਾਂ ਨੂੰ ਬੁਰਾ ਭਲਾ ਕਹਿੰਦੇ ਸਨ। ਕਬੀਰ ਸਾਹਿਬ ਨੇ ਅਜਿਹੇ ਭੁੱਲੜਾਂ ਨੂੰ ਸੰਬੋਧਨ ਕਰਕੇ ਫੁਰਮਾਨ ਕੀਤਾ ਹੈ ਕਿ ਧਰਮ ਪੁਸਤਕਾਂ ਨੂੰ ਝੂਠਾ ਕਹਿਣ ਨਾਲੋਂ ਪ੍ਰਭੂ ਦੇ ਗੁਣਾਂ ਦੀ ਵਿਚਾਰ ਕਰਨੀ ਚਾਹੀਦੀ ਹੈ। ਉਹੀ ਮਨੁੱਖ ਝੂਠਾ ਹੈ ਜਿਹੜਾ ਪ੍ਰਮਾਤਮਾ ਦੀਆਂ ਵਡਿਆਈਆਂ ਦੀ ਵਿਚਾਰ ਨਹੀਂ ਕਰਦਾ।

ਹਿੰਦੂ ਧਰਮ ਦੇ ਗ੍ਰੰਥਾਂ ਦਾ ਵੇਰਵਾ

ਮਹਾਨਕੋਸ਼ ਅਨੁਸਾਰ ਵੇਦ ਸ਼ਬਦ ਦੇ ਅਰਥ ਅਤੇ ਵੇਦ ਗ੍ਰੰਥਾਂ ਬਾਰੇ ਇਸ ਪ੍ਰਕਾਰ ਲਿਖਿਆ ਹੈ:

੧. ਗਿਆਨ, ਇਲਮ, ਜਪੁਜੀ ਸਾਹਿਬ ਵਿੱਚ ਵੀ ਵੇਦ ਨੂੰ ਗਿਆਨ ਦੇ ਅਰਥਾਂ ਵਿੱਚ ਵਰਤਿਆ ਹੋਇਆ ਮਿਲਦਾ ਹੈ ਜਿਵੇਂ **“ਗੁਰਮੁਖਿ ਨਾਦੰ ਗੁਰਮੁਖਿ ਵੇਦੰ”** ਅਤੇ **“ਅਹਰਣਿ ਮਤਿ ਵੇਦੁ ਹਥਿਆਰੁ”॥** ਹਿੰਦੂ ਧਰਮ ਦੇ ਗਿਆਨਦਾਤਾ ਮੁੱਖ ਗ੍ਰੰਥ, ਜਿਨ੍ਹਾਂ ਦੀ ਗਿਣਤੀ ਪਹਿਲਾਂ ਤਿੰਨ ਸੀ ਅਤੇ ਪਿੱਛੋਂ ਅਥਰਵ ਮਿਲਾ ਕੇ ਚਾਰ ਕੀਤੀ ਗਈ। ਪੂਰਵ ਕਾਲ ਵਿੱਚ ਇਹ ਵੇਦ ਲਿਖਤ ਅੰਦਰ ਨਹੀਂ ਆਏ, ਇੱਕ ਦੂਜੇ ਤੋਂ ਸੁਣ ਕੇ ਵੇਦ ਕੰਠ ਕੀਤਾ ਜਾਂਦਾ ਸੀ। ਵੇਦ ਯਾਦ ਕਰਨ ਵਾਲੇ ਨੂੰ ਸੋਤ੍ਰਿਯ ਦੇ ਨਾਮ ਨਾਲ ਜਾਣਿਆ ਜਾਂਦਾ ਸੀ। ਵੇਦ ਕਿਸੇ ਇੱਕ ਦੇ ਰਚੇ ਹੋਏ ਨਹੀਂ, ਇਨ੍ਹਾਂ ਵਿੱਚ ਵਸ਼ਿਸ਼ਟ, ਵਿਸ਼ਵਾਮਿਤ੍ਰ, ਭਰਦਵਾਜ ਆਦਿ ਅਨੇਕ ਰਿਖੀਆਂ ਦੇ ਬਣਾਏ ਹੋਏ ਮੰਤ੍ਰ ਹਨ, ਜਿਨ੍ਹਾਂ

ਵਿੱਚ ਸੂਰਯ, ਅਗਨਿ, ਵਾਯੂ, ਇੰਦ੍ਰ ਆਦਿ ਦੇਵਤਿਆਂ ਦੀ ਮਹਿਮਾ ਹੈ। ਅਨੇਕ ਗ੍ਰੰਥਾਂ ਵਿੱਚ ਵੇਦਾਂ ਨੂੰ ਈਸ਼ਵਰ ਦੇ ਸਵਾਸ ਲਿਖਿਆ ਹੈ। ਮਨੂੰ ਨੇ ਅਗਨਿ, ਵਾਯੂ ਅਤੇ ਸੂਰਯ ਤੋਂ ਵੇਦਾਂ ਦਾ ਪ੍ਰਾਪਤ ਹੋਣਾ ਦੱਸਿਆ ਹੈ।

੨. ਭਗਵਤ ਦੇਵੀ ਵਿਚ ਲਿਖਿਆ ਹੈ ਕਿ ਪ੍ਰਲੋ ਵੇਲੇ ਜਦ ਸਾਰੇ ਲੋਕ ਜਲ ਵਿੱਚ ਡੁੱਬ ਗਏ ਤਦ ਸੁੱਤੇ ਹੋਏ ਵਿਧਾਤਾ ਦੇ ਮੂੰਹ ਵਿੱਚੋਂ ਵੇਦਾਂ ਦੀ ਉਤਪਤੀ ਹੋਈ। ਉਸ ਵੇਲੇ ਹਯਗ੍ਰੀਵ ਨੇ ਵੇਦ ਚੁਰਾ ਲਏ ਅਤੇ ਸਮੁੰਦਰ ਵਿੱਚ ਜਾ ਵੜਿਆ। ਵਿਸ਼ਨੂੰ ਨੇ ਮੱਛ ਦਾ ਰੂਪ ਧਾਰ ਕੇ ਉਸ ਤੋਂ ਵੇਦ ਵਾਪਸ ਲਏ।

੩. ਮਹਾਨਕੋਸ਼ ਵਿਚਲੀਆਂ ਇਨ੍ਹਾਂ ਅਚੰਭੇ ਵਾਲੀਆਂ ਕਰਾਮਾਤੀ ਅਤੇ ਪ੍ਰਾਕ੍ਰਿਤਕ ਨਿਯਮਾਂ ਦੇ ਉਲਟ ਗੱਲਾਂ ਤੋਂ ਵੀ ਵੱਧ ਅਚੰਭੇ ਵਾਲੀ ਗਾਥਾ "ਜਗਤ ਗੁਰੂ ਵਿਸ਼ੂਕਰਮਾ ਦਾ ਇਤਿਹਾਸ" ਨਾਮੀ ਪੁਸਤਕ ਵਿੱਚ ਲਿਖੀ ਹੈ। ਲਿਖਾਰੀ ਨੇ ਇਸ ਪੁਸਤਕ ਵਿੱਚ ਉਨ੍ਹਾਂ ਰਿਸ਼ੀਆਂ ਦੇ ਨਾਮ ਲਿਖੇ ਹਨ ਜਿਨ੍ਹਾਂ ਆਪਣੇ ਜਨਮ ਦੇ ਸਮੇਂ ਹੀ ਹੱਥ ਵਿੱਚ ਇੱਕ ਇੱਕ ਵੇਦ ਫੜਿਆ ਹੋਇਆ ਸੀ।

੪. ਸ਼ਿਵ ਪੁਰਾਣ ਵਿੱਚ ਵੇਦਾਂ ਬਾਰੇ ਹੋਰ ਵੀ ਹੈਰਾਨ ਕਰਨ ਵਾਲੀ ਗਾਥਾ ਮਿਲਦੀ ਹੈ। ਬ੍ਰਹਮਾ ਆਪਣੇ ਬੇਟੇ ਨਾਰਦ ਨੂੰ ਆਪ ਹੀ ਆਪਣੀ ਹੱਡ-ਬੀਤੀ ਸੁਣਾਉਂਦਾ ਹੈ ਕਿ ਇੱਕ ਵਾਰੀ ਉਸ ਦਾ ਅਤੇ ਵਿਸ਼ਨੂੰ ਦਾ ਇਸ ਗੱਲ ਤੇ ਝਗੜਾ ਹੋ ਗਿਆ ਕਿ ਸੰਸਾਰ ਵਿੱਚ ਦੋਹਾਂ ਵਿੱਚੋਂ ਵੱਡਾ ਕੌਣ ਹੈ? ਤਾਂ ਉਨ੍ਹਾਂ ਦਾ ਝਗੜਾ ਮੁਕਾਉਣ ਲਈ ਵੇਦਾਂ ਨੂੰ ਸਾਲਸ ਮੰਨਿਆ ਗਿਆ। ਰਿਗ ਵੇਦ, ਯਜੁਰ ਵੇਦ, ਸਾਮ ਵੇਦ, ਤਿੰਨਾਂ ਨੇ ਹੀ ਵਿਸ਼ਨੂੰ ਅਤੇ ਬ੍ਰਹਮਾ ਦੋਹਾਂ ਨੂੰ ਝੂਠਾ ਮੰਨ ਕੇ ਸ਼ਿਵ ਨੂੰ ਸਾਰੀਆਂ ਸ਼ਕਤੀਆਂ ਦਾ ਮਾਲਕ ਦੱਸਿਆ। ਆਖਿਰ ਅਥ੍ਰਵਣ ਵੇਦ ਨੇ ਵੀ ਜਦ ਸ਼ਿਵ ਨੂੰ ਸਭ ਤੋਂ ਵੱਡਾ ਕਿਹਾ ਤਾਂ ਸਾਰੇ ਦੇਵਤੇ ਸਦਾ-ਸ਼ਿਵ ਦੀ ਮਾਇਆ ਤੇ ਹੱਸ ਪਏ।

੫. ਏਸੇ ਤਰ੍ਹਾਂ ਸ੍ਰੀ ਰਾਮ ਚਰਿਤ੍ਰ ਮਾਨਸ ਦੇ ਉਤਰਕਾਂਡ ਵਿੱਚ ਰਾਮ ਚੰਦ੍ਰ ਜੀ ਦੇ ਪ੍ਰਲੋਕ ਗਮਨ ਸਮੇਂ ਦਾ ਹਾਲ ਮਿਲਦਾ ਹੈ। ਰਾਮ ਚੰਦ੍ਰ ਜੀ ਦੇ ਉਸ ਸਮੇਂ ਦੇ ਦਰਸ਼ਨਾਂ ਲਈ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਆਦਿ ਕਈ ਦੇਵਤਿਆਂ ਦਾ ਅਯੁੱਧਿਆ ਆਉਣਾ ਲਿਖਿਆ ਹੈ। ਫਿਰ ਤੁਲਸੀ ਦਾਸ ਜੀ ਲਿਖਦੇ ਹਨ ਕਿ ਦਰਸ਼ਨਾਂ ਨੂੰ ਉਥੇ ਹੀ ਚਾਰੇ ਵੇਦ ਵੀ ਆ ਗਏ:

- ਭਿੰਨ ਭਿੰਨ ਉਸਤਤਿ ਕਰਿ, ਗਏ ਸੁਰ ਨਿਜ ਨਿਜ ਧਾਮ । ਬੰਦੀ ਭੇਖ ਮਹਿ ਬੇਦ ਤਬ, ਆਏ ਜਹਾਂ ਸ੍ਰੀ ਰਾਮ ।

ਤੁਲਸੀ ਦਾਸ ਜੀ ਅੱਗੇ ਲਿਖਦੇ ਹਨ ਕਿ ਸਰਬੱਗ ਪ੍ਰਭੂ ਨੇ ਚੋਹਾਂ ਵੇਦਾਂ ਨੂੰ ਪਛਾਣ ਕੇ ਉਨ੍ਹਾਂ ਦਾ ਆਦਰ ਕੀਤਾ ਅਤੇ ਵੇਦਾਂ ਨੇ ਪ੍ਰਭੂ ਦੀ ਉਸਤਤੀ ਦੇ ਗੁਣ ਗਾਏ। ਹਿੰਦੂ ਗ੍ਰੰਥਾਂ ਵਿੱਚ ਕਈ ਥਾਂਈਂ ਲਿਖਿਆ ਹੈ ਕਿ ਚਾਰੇ ਵੇਦ ਗ੍ਰੰਥਾਂ ਤੋਂ ਦੇਵਤੇ ਦਾ ਰੂਪ ਧਾਰ ਕੇ ਕਈ ਵਾਰੀ ਆ ਕੇ ਦੇਵਤਿਆਂ ਨੂੰ ਸਿੱਖਿਆ ਦਿੰਦੇ ਰਹੇ।

ਇਨ੍ਹਾਂ ਲਿਖਤਾਂ ਤੋਂ ਇਹੋ ਭਰਮ ਬਣਦਾ ਹੈ ਕਿ ਇਹ ਵੇਦ ਗ੍ਰੰਥਾਂ ਦੇ ਰੂਪ ਵਿੱਚ ਘੱਟ ਟਿਕਦੇ ਸਨ। ਬਹੁਤੇ ਸਮੇਂ ਲਈ ਬੁੱਧੀਮਾਨ ਦੇਵਤਿਆਂ ਦੀ ਭੂਮਿਕਾ ਹੀ ਨਿਭਾਉਂਦੇ ਸਨ। ਜਿੱਥੇ ਲੋੜ ਹੁੰਦੀ ਸੀ ਉਥੇ ਇਹ ਚਾਰੇ ਵੇਦ ਜਾ ਕੇ ਆਪਣੀ ਰਾਏ ਦਿੰਦੇ ਸਨ।

ਵੇਦ ਪੁਰਾਣ ਸਿਮ੍ਰਿਤੀਆਂ ਆਦਿ ਧਰਮ ਗ੍ਰੰਥ ਅਤੇ ਗੁਰਬਾਣੀ

ਬ੍ਰਾਹਮਣ ਦਾ ਕਥਨ ਹੈ ਕਿ ਵੇਦ ਕਿਸੇ ਵਿਦਵਾਨ ਦੇ ਹੱਥਾਂ ਦੀ ਲਿਖਤ ਨਹੀਂ ਹਨ ਸਗੋਂ ਇਹ ਸਾਰੇ ਧਰਮ ਗ੍ਰੰਥ ਅਵਤਾਰਾਂ ਵਾਂਗ ਹੀ ਕਰਾਮਾਤੀ ਸ਼ਕਤੀ ਨਾਲ ਪ੍ਰਗਟ ਹੋਏ ਸਨ। ਜਿਨ੍ਹਾਂ ਧਰਮ ਗ੍ਰੰਥਾਂ ਦੇ ਲਿਖੇ ਜਾਣ ਬਾਰੇ ਇਹੋ ਜਿਹਾ ਕੋਰਾ ਝੂਠ ਜੁੜਿਆ ਹੋਵੇ, ਉਨ੍ਹਾਂ ਦੀ ਬਾਣੀ ਤੇ ਸ਼ਰਧਾ ਰੱਖਣ ਵਾਲੇ ਕਿੱਡੇ ਕੁ ਭਰੋਸੇ ਯੋਗ ਹੋਣਗੇ? ਅਣਹੋਣੀਆਂ ਅਤੇ ਮਨੋਕਲਪਤ ਕਥਾ ਕਹਾਣੀਆਂ ਨਾਲ ਜੋੜੇ ਹੋਏ ਇਸ ਵੇਦ ਗਿਆਨ ਨੂੰ ਬ੍ਰਾਹਮਣ ਸਰਬ ਸ੍ਰੇਸ਼ਠ ਅਥਵਾ ਈਸ਼ਵਰੀ ਹੁਕਮ ਦੱਸਦਾ ਹੈ।

ਪਰ ਗੁਰਬਾਣੀ ਦਾ ਫੁਰਮਾਨ ਹੈ ਕਿ ਵੇਦਾਂ ਦੇ ਗਿਆਨ ਨੇ ਲੋਕਾਂ ਨੂੰ ਪ੍ਰਮਾਤਮਾ ਦੀ ਅਨਿੰਨ ਭਗਤੀ ਤੋਂ ਵਾਂਝਿਆਂ ਰੱਖ ਕੇ ਨਾਸਵੰਤ ਮਾਇਆ ਦੇ ਝੂਠ ਇੰਦਰਜਾਲ ਵਿੱਚ ਫਸਾਇਆ ਹੈ ਅਤੇ ਉਨ੍ਹਾਂ ਨੂੰ ਕਰਮਕਾਂਡੀ ਰੁਚੀਆਂ ਵਾਲਾ ਬਣਾਇਆ ਹੈ:

– त्रै गुण बाणी बेद बीचारु॥ बिखिआ मैलु बिखिआ वापारु॥
मरि जनमहि फिरि होहि खुआरु॥ गुरमुखि तुरीआ गुणु उरि धारु॥ (१२६२)

– बेद बाणी जगु वरतदा त्रै गुण करे बीचारु॥ बिनु नावै जम डंडु सहै मरि जनमै वारो वार॥
सतिगुर भेटे मुकति होइ पाए मोख दुआरु॥ (१२२६)

– वेदु पुकारै त्रिबिधि माइआ॥ मनमुख न बूझहि दूजै भाइआ॥
त्रै गुण पड़हि हरि एकु न जाणहि बिनु बूझे दुखु पावणिआ॥ (१२८)

– पंडित मैलु न चुकई जे वेद पड़ै जुग चारि॥ त्रै गुण माइआ मूलु है विचि हउमै नामु विसारि॥
पंडित भूले दूजै लागे माइआ कै वापारि॥ अंतरि त्रिसना भुख है मूरख भुखिआ मुए गवार॥ (६४२)

– जनमि मरै त्रै गुण हितकारु॥ चारे बेद कथहि आकारु॥
तीनि अवसथा कहहि वखिआनु॥ तुरीआवसथा सतिगुर ते हरि जानु॥ (१५४)

ਇਨ੍ਹਾਂ ਗੁਰੂ ਸ਼ਬਦਾਂ ਤੋਂ ਵੇਦਾਂ ਦੀ ਬਾਣੀ ਲੋਕਾਂ ਨੂੰ ਪ੍ਰਭੂ ਦੀ ਭਗਤੀ ਨਾਲ ਜੋੜਨ ਦੀ ਬਜਾਏ ਮਾਇਆ ਦੇ ਮੋਹ ਵਿੱਚ ਫਸਾ ਕੇ ਪ੍ਰਭੂ ਦੇ ਨਾਮ ਤੋਂ ਦੂਰ ਕਰ ਦੇਣ ਵਾਲੀ ਸਾਬਤ ਹੋਈ ਹੈ। ਹੁਣ ਗੁਰਬਾਣੀ ਦੇ ਉਹ ਸ਼ਬਦ ਵੀਚਾਰਦੇ ਹਾਂ ਜਿਨ੍ਹਾਂ ਵਿੱਚ ਗੁਰਦੇਵ ਜੀ ਨੇ ਇਨ੍ਹਾਂ ਧਰਮ ਸ਼ਾਸਤ੍ਰਾਂ ਨੂੰ ਕਰਮਕਾਂਡੀ ਬੰਧਨਾਂ ਵਿੱਚ ਜਕੜਨ ਵਾਲੇ ਅਜਿਹੀ ਕੈਦ ਰੂਪ ਬੰਧਨ ਕਿਹਾ ਹੈ, ਜਿਸ ਨੂੰ ਹਥਿਆਰ ਬਣਾ ਕੇ ਪ੍ਰੋਹਿਤ ਲੋਕਾਂ ਨੂੰ ਲੁੱਟ ਰਹੇ ਹਨ:

– कबीर कागद की ओबरी मसु के करम कपाट॥ पाहन बोरी पिरथमी पंडित पाड़ी बाट॥ (१३२१)

ਇਨ੍ਹਾਂ ਸ਼ਾਸਤ੍ਰਾਂ ਆਦਿ ਵਿੱਚ ਸਿਆਹੀ ਨਾਲ ਲਿਖੀ ਹੋਈ ਕਰਮਕਾਂਡੀ ਮਰਿਯਾਦਾ ਮਾਨੋ ਉਸ ਕੈਦਖਾਨੇ ਦੇ ਬੰਦ ਦਰਵਾਜ਼ੇ ਹਨ। ਪੱਥਰ ਦੀਆਂ ਮੂਰਤੀਆਂ ਦੀ ਪੂਜਾ ਵਿੱਚ ਲਾ ਕੇ ਲੋਕਾਂ ਨੂੰ ਪ੍ਰਭੂ ਭਗਤੀ ਤੋਂ ਦੂਰ ਕਰ ਰਿਹਾ ਹੈ। ਬ੍ਰਾਹਮਣ ਲੋਕ ਡਾਕੇ ਮਾਰ ਰਹੇ ਹਨ, ਭਾਵ ਸਾਧਾਰਨ ਲੋਕਾਂ ਨੂੰ ਸ਼ਾਸਤ੍ਰਾਂ ਦੀ ਮਰਿਯਾਦਾ ਤੇ ਮੂਰਤੀ ਪੂਜਾ ਵਿੱਚ ਲਾ ਕੇ ਦਾਨ ਦੱਛਣਾਂ ਦੇ ਬਹਾਨਿਆਂ ਨਾਲ ਉਨ੍ਹਾਂ ਨੂੰ ਲੁੱਟ ਰਿਹਾ ਹੈ, ਉਨ੍ਹਾਂ ਦੇ ਕੱਪੜੇ ਉਤਾਰ ਰਿਹਾ ਹੈ, ਉਨ੍ਹਾਂ ਦਾ ਲਹੂ ਨਿਚੋੜ ਰਿਹਾ ਹੈ। ਇਹ ਕਾਗਜ਼ ਦੀ ਓਬਰੀ ਭਾਵ ਕੈਦਖ਼ਾਨੇ ਦੀ ਕੈਦ ਕਿਹੋ ਜਿਹੀ ਸੀ? ਇਹ ਸਮਝ ਇਸ ਸ਼ਬਦ ਤੋਂ ਪੈ ਰਹੀ ਹੈ:

– सासत बेद पुराण पुकारहि धरमु करहु खटु करम द्रिड़इआ॥
मनमुख पाखंडि भरमि विगूते लोभ लहरि नाव भारि बुडइआ॥
नामु जपहु नामे गति पावहु सिमृति सासत्र नामु द्रिड़इआ॥
हउमै जाइ त निरमलु होवै गुरमुखि परचै परम पदु पइआ॥ (८३४)

ਵੇਦ ਪੁਰਾਣ ਆਦਿਕ ਧਰਮ ਪੁਸਤਕਾਂ ਇਸੇ ਗੱਲ ਉੱਤੇ ਜ਼ੋਰ ਦੇਂਦੇ ਹਨ ਕਿ ਖਟ ਕਰਮ ਧਰਮ ਕਮਾਇਆ ਕਰੋ, ਉਹ ਇਨ੍ਹਾਂ ਛੇ ਧਾਰਮਿਕ ਕਰਮਾਂ ਬਾਰੇ ਪਕਿਆਈ ਕਰਦੇ ਹਨ। ਆਪਣੇ ਮਨ ਪਿੱਛੇ ਤੁਰਨ ਵਾਲੇ ਮਨਮੁੱਖ ਏਸੇ ਭਟਕਣਾ ਵਿੱਚ ਪਏ ਖੁਆਰ ਹੁੰਦੇ ਹਨ, ਉਨ੍ਹਾਂ ਦੀ ਜ਼ਿੰਦਗੀ ਦੀ ਬੇੜੀ ਆਪਣੇ ਹੀ ਰਚੇ ਪਾਖੰਡ ਵਾਲੇ ਚੱਕ੍ਰਵੀਉ ਦੇ ਭਾਰ ਨਾਲ ਲੋਭ ਦੀ ਲਹਿਰ ਵਿੱਚ ਡੁੱਬ ਜਾਂਦੀ ਹੈ।

ਹੇ ਭਾਈ, ਪ੍ਰਮਾਤਮਾ ਦਾ ਨਾਮ ਜਪਿਆ ਕਰੋ, ਨਾਮ ਵਿੱਚ ਜੁੜ ਕੇ ਹੀ ਉੱਚੀ ਆਤਮਿਕ ਅਵਸਥਾ ਪ੍ਰਾਪਤ ਹੋਵੇਗੀ। ਆਪਣੇ ਹਿਰਦੇ ਵਿੱਚ ਪ੍ਰਮਾਤਮਾ ਦਾ ਨਾਮ ਪੱਕਾ ਟਿਕਾਈ ਰੱਖੋ। ਗੁਰੂ ਦੇ ਸਨਮੁੱਖ ਰਹਿਣ ਵਾਲੇ ਮਨੁੱਖ ਵਾਸਤੇ ਪ੍ਰਭੂ ਦਾ ਨਾਮ ਹੀ ਸਿਮ੍ਰਿਤਿ ਸ਼ਾਸਤ੍ਰਾਂ ਆਦਿ ਸਾਰੇ ਧਰਮ ਗ੍ਰੰਥਾਂ ਦਾ ਉਪਦੇਸ਼ ਹੈ। ਭਾਵ, ਗੁਰਮੁਖ ਵਾਸਤੇ ਗੁਰੂ ਦੀ ਦਿੱਤੀ ਸਿੱਖਿਆ ਹੀ ਸਭ ਕੁਝ ਹੈ, ਗੁਰੂ ਦਾ ਦਿੱਤਾ ਨਾਮ ਹੀ ਸਭ ਕੁਝ ਹੈ, ਕਰਮਕਾਂਡੀ ਸਿੱਖਿਆ ਦੇਣ ਵਾਲਿਆਂ ਇਨ੍ਹਾਂ ਬ੍ਰਾਹਮਣੀ ਧਰਮ ਗ੍ਰੰਥਾਂ ਨਾਲ ਗੁਰਮੁਖਿ ਨੂੰ ਕੀ ਵਾਸਤਾ? ਹਰਿ ਨਾਮ ਦੇ ਰਾਹੀਂ ਜਦੋਂ ਮਨੁੱਖ ਦੇ ਅੰਦਰੋਂ ਹਉਮੈ ਦੂਰ ਹੋ ਜਾਂਦੀ ਹੈ, ਤਦੋਂ ਮਨੁੱਖ ਪਵਿੱਤਰ ਜੀਵਨ ਵਾਲਾ ਹੋ ਜਾਂਦਾ ਹੈ। ਗੁਰੂ ਦੀ ਸ਼ਰਣ ਪੈ ਕੇ ਜਦੋਂ ਮਨੁੱਖ ਪ੍ਰਮਾਤਮਾ ਦੇ ਨਾਮ ਵਿੱਚ ਪਤੀਜਦਾ ਹੈ, ਤਦੋਂ ਸਭ ਤੋਂ ਉੱਚਾ ਆਤਮਿਕ ਦਰਜ਼ਾ ਹਾਸਲ ਕਰ ਲੈਂਦਾ ਹੈ।

- ਬੇਦ ਕੀ ਪੁਤ੍ਰੀ ਸਿੰਮ੍ਰਿਤਿ ਭਾਈ॥ ਸਾਂਕਲ ਜੇਵਰੀ ਲੈ ਹੈ ਆਈ॥ (੩੨੯)

ਇਹ ਸਿੰਮ੍ਰਿਤੀ ਜੋ ਵੇਦਾਂ ਦੇ ਆਧਾਰ 'ਤੇ ਬਣੀ ਹੈ, ਇਹ ਤਾਂ ਆਪਣੇ ਸ਼ਰਧਾਲੂਆਂ ਵਾਸਤੇ ਵਰਨ ਆਸ਼ਰਮ ਦੇ ਮਾਨੋਂ ਸੰਗਲ ਤੇ ਕਰਮਕਾਂਡ ਦੀਆਂ ਰੱਸੀਆਂ ਲੈ ਕੇ ਆਈ ਹੈ।

- ਕਬੀਰ ਮਾਇ ਮੁੰਡਉ ਤਿਹ ਗੁਰੂ ਕੀ ਜਾ ਤੇ ਭਰਮੁ ਨ ਜਾਇ॥
ਆਪ ਡੁਬੇ ਚਹੁ ਬੇਦ ਮਹਿ ਚੇਲੇ ਦੀਏ ਬਹਾਇ॥ (੧੩੬੯)

ਇਹ ਪੰਡਿਤ ਮੈਨੂੰ ਪ੍ਰਮਾਤਮਾ ਦੇ ਨਾਮ ਵਿੱਚ ਜੁੜਨ ਤੋਂ ਹੋੜਦਾ ਹੈ ਅਤੇ ਆਪਣੇ ਵੇਦ ਆਦਿਕ ਧਰਮ ਪੁਸਤਕਾਂ ਦੇ ਕਰਮਕਾਂਡ ਦਾ ਢੋਲ ਵਜਾ ਕੇ ਮੇਰਾ ਗੁਰੂ ਪ੍ਰੋਹਿਤ ਬਣਨਾ ਚਾਹੁੰਦਾ ਹੈ, ਪਰ ਹੇ ਕਬੀਰ ਮੈਂ ਅਜਿਹੇ ਗੁਰੂ ਦੀ ਮਾਂ ਦਾ ਸਿਰ ਮੁੰਨ ਦਿਆਂ, ਇਸ ਦੇ ਰਾਹ 'ਤੇ ਤੁਰਿਆਂ ਸਰੀਰਕ ਮੋਹ ਦੀ ਭਟਕਣਾ ਦੂਰ ਨਹੀਂ ਹੋ ਸਕਦੀ। ਇਹ ਲੋਕ ਆਪ ਵੀ ਚਹੁਆਂ ਵੇਦਾਂ ਦੇ ਕਰਮਕਾਂਡ ਵਿੱਚ ਪੈ ਕੇ ਡੂੰਘੇ ਪਾਣੀਆਂ ਵਿੱਚ ਡੁੱਬੇ ਹੋਏ ਹਨ। ਜੋ ਜੋ ਬੰਦੇ ਇਨ੍ਹਾਂ ਦੇ ਪਿੱਛੇ ਲੱਗਦੇ ਹਨ, ਉਨ੍ਹਾਂ ਨੂੰ ਵੀ ਇਨ੍ਹਾਂ ਉਸ ਮੋਹ ਵਿੱਚ ਰੋੜ੍ਹ ਦਿੱਤਾ ਹੈ।

- ਕਬੀਰ ਬਾਮਨ ਗੁਰੂ ਹੈ ਜਗਤ ਕਾ ਭਗਤਨ ਕਾ ਗੁਰੁ ਨਾਹਿ॥
ਅਰਝਿ ਉਰਝਿ ਕੈ ਪਚਿ ਮੂਆ ਚਾਰਉ ਬੇਦਹੁ ਮਾਹਿ॥ (੧੩੭੭)

ਇਸ ਸਲੋਕ ਵਿੱਚ ਉਸ ਬ੍ਰਾਹਮਣ ਗੁਰੂ ਦਾ ਜ਼ਿਕਰ ਹੈ ਜੋ ਜਨਤਾ ਨੂੰ ਪੁੱਠੇ ਰਸਤੇ ਤੋਰ ਕੇ ਅਗਿਆਨਤਾ ਦੇ ਖੂਹ ਵਿੱਚ ਸੁੱਟ ਰਿਹਾ ਸੀ। ਵੈਦਿਕ ਕਰਮਕਾਂਡਾਂ ਦੀ ਘੁੰਮਣਘੇਰੀ ਵਿੱਚ ਉਲਝਾਉਣ ਵਾਲੇ ਬਿੱਪ੍ਰ ਦੀ ਰੀਤ ਤੋਂ ਬਚੇ ਰਹਿਣ ਦਾ ਬਹੁਮੁੱਲਾ ਉਪਦੇਸ਼ ਹੈ। ਕਬੀਰ ਸਾਹਿਬ ਨੇ ਉਸ ਦੇ ਮਾਇਆ ਜਾਲ ਤੋਂ ਬਚ ਕੇ ਪ੍ਰਭੂ ਦੀ ਯਾਦ ਦਾ ਆਸਰਾ ਲੈਣਾ ਹੀ ਸਰਬ ਸ੍ਰੇਸ਼ਟ ਦੱਸਿਆ ਹੈ।

ਅਲੌਕਿਕ ਢੰਗ ਨਾਲ ਬੇਦਾਂ ਨੂੰ ਬ੍ਰਹਮਾ ਦੇ ਉਚਾਰੇ ਹੋਏ ਦੱਸ ਕੇ ਉਸ ਦੀ ਸਿੱਖਿਆ ਦਾ ਭਰਮ ਪਾ ਕੇ ਜਿੱਥੇ ਲੋਕਾਂ ਨੂੰ ਕਰਮਕਾਂਡੀ ਬਣਾ ਕੇ ਪ੍ਰਮਾਤਮਾ ਦੀ ਭਗਤੀ ਤੋਂ ਦੂਰ ਕਰ ਰਿਹਾ ਸੀ ਉਥੇ ਪਾਪ ਕਰਮਾਂ ਤੇ ਪੁੰਨ ਕਰਮਾਂ ਦੇ ਝਮੇਲੇ ਵਿੱਚ ਪਾ ਕੇ ਵੱਖਰੀ ਕਿਸਮ ਦੀ ਲੁੱਟ ਵੀ ਬ੍ਰਾਹਮਣ ਨੇ ਅਰੰਭ ਕੀਤੀ ਹੋਈ ਸੀ ਅਤੇ ਇਸ ਭਰਮ ਨੂੰ ਪੱਕਿਆਂ ਕਰਨ ਵਾਸਤੇ ਝੂਠੀਆਂ ਅਤੇ ਨਿਰਮੂਲ ਕਥਾ ਕਹਾਣੀਆਂ ਘੜੀਆਂ ਹੋਈਆਂ ਸਨ। ਗੁਰਦੇਵ ਦਾ ਫੁਰਮਾਨ ਹੈ:

- ਕਥਾ ਕਹਾਣੀ ਬੇਦੀ ਆਣੀ ਪਾਪੁ ਪੁੰਨੁ ਬੀਚਾਰੁ॥ ਦੇ ਦੇ ਲੈਣਾ ਲੈ ਲੈ ਦੇਣਾ ਨਰਕਿ ਸੁਰਗਿ ਅਵਤਾਰ॥
ਉਤਮ ਮਧਿਮ ਜਾਤੀਂ ਜਿਨਸੀ ਭਰਮਿ ਭਵੈ ਸੰਸਾਰੁ॥ ਅੰਮ੍ਰਿਤ ਬਾਣੀ ਤਤੁ ਵਖਾਣੀ ਗਿਆਨ ਧਿਆਨ ਵਿਚਿ ਆਈ॥
ਗੁਰਮੁਖਿ ਆਖੀ ਗੁਰਮੁਖਿ ਜਾਤੀ ਸੁਰਤੰਤੀ ਕਰਮਿ ਧਿਆਈ॥
ਹੁਕਮੁ ਸਾਜਿ ਹੁਕਮੈ ਵਿਚਿ ਰਖੈ ਹੁਕਮੈ ਅੰਦਰਿ ਵੇਖੈ॥ ਨਾਨਕ ਅਗਹੁ ਹਉਮੈ ਤੁਟੈ ਤਾਂ ਕੋ ਲਿਖੀਐ ਲੇਖੈ॥ (੧੨੪੩)

- ਬੇਦੁ ਪੁਕਾਰੇ ਪੁੰਨੁ ਪਾਪੁ ਸੁਰਗ ਨਰਕ ਕਾ ਬੀਉ॥ ਜੋ ਬੀਜੈ ਸੋ ਉਗਵੈ ਖਾਂਦਾ ਜਾਣੈ ਜੀਉ॥
ਗਿਆਨੁ ਸਲਾਹੇ ਵਡਾ ਕਰਿ ਸਚੋ ਸਚਾ ਨਾਉ॥ ਸਚੁ ਬੀਜੈ ਸਚੁ ਉਗਵੈ ਦਰਗਹ ਪਾਈਐ ਥਾਉ॥
ਬੇਦੁ ਵਪਾਰੀ ਗਿਆਨੁ ਰਾਸਿ ਕਰਮੀ ਪਲੈ ਹੋਇ॥ ਨਾਨਕ ਰਾਸੀ ਬਾਹਰਾ ਲਦਿ ਨ ਚਲਿਆ ਕੋਇ॥ (੧੨੪੩)

ਅਨੰਦ ਸਾਹਿਬ ਦੀ ੨੭ਵੀਂ ਪਉੜੀ ਵਿੱਚ ਵੀ ਇਨ੍ਹਾਂ ਗ੍ਰੰਥਾਂ ਬਾਰੇ ਏਹੀ ਲਿਖਿਆ ਹੈ ਕਿ ਪ੍ਰਮਾਤਮਾ ਦੀ ਸਾਰ ਸਮਝਣ ਦੀ ਥਾਂ ਪਾਪ ਪੁੰਨ ਦੇ ਵਿਚਾਰ ਅਤੇ ਤ੍ਰੈਗੁਣੀ ਮਾਇਆ ਦੇ ਮੋਹ ਵਿੱਚ ਹੀ ਸੰਸਾਰ ਨੂੰ ਮਸਤ ਰੱਖਣ ਦਾ ਗਿਆਨ ਹੀ ਹੈ:

– ਸਿਮ੍ਰਿਤਿ ਸਾਸਤ੍ਰ ਪੁੰਨ ਪਾਪ ਬੀਚਾਰਦੇ ਤਤੈ ਸਾਰ ਨ ਜਾਣੀ॥ (੯੨੦)

ਹੋਰ ਵੀ ਕਈ ਗੁਰੂ ਸ਼ਬਦ ਹਨ ਜਿਨ੍ਹਾਂ ਵਿੱਚ ਮਨੁੱਖ ਨੂੰ ਵੇਦਾਂ ਆਦਿ ਬ੍ਰਾਹਮਣੀ ਧਰਮ ਗ੍ਰੰਥਾਂ ਦੀ ਕਰਮਕਾਂਡੀ ਸਿੱਖਿਆ ਤੇ ਚੱਲਣ ਨਾਲੋਂ ਅਕਾਲ ਪੁਰਖ ਦੀ ਕੇਵਲ ਹਸਤੀ ਨੂੰ ਹਿਰਦੇ ਵਿੱਚ ਵਸਾ ਕੇ ਉਸ ਦੀਆਂ ਵਡਿਆਈਆਂ ਦਾ ਚਿੰਤਨ ਕਰਦਿਆਂ ਆਪਣੀ ਜੀਵਨ ਜੁਗਤ ਨੂੰ ਸੁਆਰਨ ਦਾ ਉਪਦੇਸ਼ ਦਿੱਤਾ ਹੋਇਆ ਹੈ।

ਹਿੰਦੂ ਧਰਮ ਦੇ ਗ੍ਰੰਥਾਂ ਦਾ ਨਿਆਰਾ ਲਿਖਣ ਢੰਗ

ਹਿੰਦੂ ਧਰਮ ਦੇ ਸਾਰੇ ਗ੍ਰੰਥਾਂ ਦਾ ਲਿਖਣ ਢੰਗ ਬੜਾ ਵਿਚਿਤ੍ਰ ਹੈ। ਇਨ੍ਹਾਂ ਸਾਰੇ ਹੀ ਗ੍ਰੰਥਾਂ ਪ੍ਰਤੀ ਹੇਠ ਲਿਖੇ ਸ਼ੰਕਿਆਂ ਦਾ ਤਸੱਲੀ ਬਖ਼ਸ਼ ਉੱਤਰ ਕਿਧਰੇ ਵੀ ਨਹੀਂ ਮਿਲਦਾ:

੧. ਕੀ ਵਿਸ਼ਵਾਸ ਅਤੇ ਤਸੱਲੀ ਵਾਲਾ ਕਿਤੋਂ ਇਹ ਪਤਾ ਲੱਗ ਸਕਦਾ ਹੈ ਕਿ ਕਿਹੜਾ ਗ੍ਰੰਥ ਕਿਥੋਂ ਦੇ ਵਾਸੀ, ਕਿਸ ਮਨੁੱਖ ਨੇ ਕਦੋਂ ਲਿਖਿਆ?

੨. ਕੀ ਕਾਰਨ ਹੈ ਕਿ ਲਗਪਗ ਸਾਰੇ ਹਿੰਦੂ ਗ੍ਰੰਥ ਅਸਮਾਨੀ (ਸੁਰਗ ਆਦਿ) ਦੇਸ਼ਾਂ ਤੋਂ ਆਏ ਦੱਸੇ ਗਏ ਹਨ? ਕਿਸ ਕਾਰਨ ਇਹ ਕਲਪਤ ਅਸਮਾਨੀ ਸ਼ਕਤੀਆਂ ਦੇ ਵਿਚਕਾਰ ਹੋਈ ਵਾਰਤਾਲਾਪ ਦਾ ਹੀ ਰੂਪ ਹਨ? ਇਹ ਕਿਵੇਂ ਪਤਾ ਲੱਗੇ ਕਿ ਦੇਵਤਿਆਂ ਅਥਵਾ ਭਗਵਾਨਾਂ ਦੇ ਵਿਚਕਾਰ ਹੋਈ ਵਾਰਤਾਲਾਪ ਕਿਸ ਨੇ ਸੁਣੀ ਸੀ ਅਤੇ ਲਿਖਾਰੀ ਤੱਕ ਕਿਵੇਂ ਪੁੱਜੀ?

੩. ਬੜੀਆਂ ਮਹਾਨ ਹਸਤੀਆਂ (ਪਾਂਡਵ, ਵਿਆਸ ਰਿਸ਼ੀ, ਦ੍ਰੋਣਾਚਾਰੀਆ, ਸੀਤਾ, ਦ੍ਰੋਪਤੀ ਆਦਿ) ਦੇਵਤਿਆਂ ਅਤੇ ਅਵਤਾਰਾਂ ਦੀ ਪੈਦਾਇਸ਼ ਦਾ ਢੰਗ ਅਤੇ ਉਨ੍ਹਾਂ ਦੇ ਹੋਰ ਕਰਾਮਾਤੀ ਕਾਰਨਾਮੇ ਪ੍ਰਾਕ੍ਰਿਤਿਕ ਨੇਮਾਂ ਦੇ ਉਲਟ ਵਾਪਰਨ ਅਤੇ ਗ੍ਰੰਥਾਂ ਵਿੱਚ ਲਿਖੇ ਜਾਣ ਦਾ ਕੀ ਕਾਰਨ ਸੀ? ਫਿਰ ਅਜਿਹੇ ਢੰਗ ਨਾਲ ਬੱਚੇ ਪੈਦਾ ਹੋਣੋਂ ਕਿਹੜੇ ਜੁਗ ਵਿੱਚ ਬੰਦ ਹੋਏ?

੪. ਦੁਨੀਆਂ ਦੇ ਹੋਰ ਧਰਮਾਂ ਦੇ ਗ੍ਰੰਥ ਉਸ ਦੇਸ਼ ਦੀ ਮਾਤ੍ਰੀ ਭਾਸ਼ਾ ਵਿੱਚ ਲਿਖੇ ਗਏ ਪਰ ਹਿੰਦੂ ਕੌਮ ਦੇ ਸਾਰੇ ਧਰਮ ਗ੍ਰੰਥ ਮਾਤ ਭਾਸ਼ਾ ਨੂੰ ਛੱਡ ਕੇ ਕਿਸੇ ਵਿਰਲੇ ਮਨੁੱਖ ਦੀ ਸਮਝ ਵਿੱਚ ਆਉਣ ਵਾਲੀ ਬੋਲੀ ਸੰਸਕ੍ਰਿਤ ਵਿੱਚ ਲਿਖਣ ਦਾ ਕਾਰਨ ਕੀ ਸੀ?

੫. ਇਨ੍ਹਾਂ ਧਰਮ ਗ੍ਰੰਥਾਂ ਨੂੰ ਪੜ੍ਹਨ ਤੇ (ਸ਼ੂਦਰ, ਇਸਤ੍ਰੀ ਆਦਿ ਦੇ) ਪਾਬੰਦੀਆਂ ਲਾਉਣ ਦਾ ਨਿਰਾਲਾ ਢੰਗ ਵਰਤਨ ਦਾ ਕੀ ਕਾਰਨ ਸੀ? ਫਿਰ ਵਿੱਦਿਆ ਦੇ ਪੜ੍ਹਨ ਪੜ੍ਹਾਉਣ ਦਾ ਅਧਿਕਾਰ ਸਿਰਫ਼ ਬ੍ਰਾਹਮਣ ਨੂੰ ਦੇ ਕੇ ਬਾਕੀ ਜਨਤਾ ਨੂੰ ਅਨਪੜ੍ਹ ਰੱਖਣ ਵਿੱਚ ਕੀ ਭੇਤ ਸੀ?

੬. ਸਾਰੇ ਹੀ ਉਕਤ ਗ੍ਰੰਥਾਂ ਵਿੱਚ ਥਾਂ ਥਾਂ ਤੇ ਬ੍ਰਾਹਮਣ ਦੀ ਮਹਿਮਾ ਕਰਨ ਦਾ ਅਤੇ ਇਸ ਨੂੰ ਹੀ ਦਾਨ ਦੇਣ ਵਿੱਚ ਕਲਿਆਣ ਲੁਕੀ ਹੋਈ ਦੱਸਣ ਦਾ ਕੀ ਕਾਰਨ ਸੀ? ਉਹੀ ਬ੍ਰਾਹਮਣ ਅੱਜ ਉਸੇ ਤਰ੍ਹਾਂ ਕਿਉਂ ਨਹੀਂ ਪੂਜਿਆ ਜਾਂਦਾ?

੭. ਧਰਮ ਗ੍ਰੰਥਾਂ ਵਿੱਚ ਲਿਖ ਕੇ ਰਾਜੇ ਮਹਾਰਾਜਿਆਂ, ਦੇਵਤਿਆਂ ਅਥਵਾ ਅਵਤਾਰਾਂ ਨੂੰ ਵੀ ਬ੍ਰਾਹਮਣ ਦੇ ਚਰਨ ਧੋਂਦੇ ਦਰਸਾਉਣ ਦਾ ਕੀ ਕਾਰਨ ਸੀ? ਅੱਜ ਵੀ ਤਾਂ ਉਹੀ ਬ੍ਰਾਹਮਣ ਹੈ ਜਿਸ ਨੂੰ ਬੜਾ ਘੱਟ ਆਦਰ ਮਿਲ ਰਿਹਾ ਹੈ,

ਸਗੋਂ ਕਹਾਵਤ ਬਣੀ ਹੋਈ ਹੈ ਕਿ ਜੇ ਜਾਂਦੇ ਨੂੰ ਅੱਗੋਂ ਬ੍ਰਾਹਮਣ ਮਿਲ ਪਏ ਤਾਂ ਕੋਈ ਦੁਰਘਟਨਾ ਵਾਪਰਦੀ ਹੈ। ਫਿਰ ਇਨ੍ਹਾਂ ਸਾਰੇ ਗ੍ਰੰਥਾਂ ਵਿੱਚ ਬ੍ਰਾਹਮਣ ਦੀ ਸਰਬਉੱਚਤਾ ਦਰਸਾਉਣ ਦਾ ਕੀ ਕਾਰਨ ਸੀ?

੮. ਮੰਨੂ ਸਿਮ੍ਰਿਤੀ ਵਿੱਚ ਬਿਨਾਂ ਕੋਈ ਕਾਰਨ ਲਿਖਿਆਂ ਬ੍ਰਾਹਮਣ ਨੂੰ ਸਾਰੇ ਸਮਾਜ ਵਿੱਚ ਹਰ ਪ੍ਰਕਾਰ ਨਾਲ ਉਚੇਚਾ ਥਾਂ ਅਤੇ ਉਚੇਚੇ ਅਧਿਕਾਰ ਦੇਣ ਦੇ ਨਾਲ ਉਸ ਨੂੰ ਨੇਹਕਲੰਕ ਘੋਸ਼ਿਤ ਕਰ ਦੇਣ ਦਾ ਕੀ ਕਾਰਨ ਸੀ?

੯. ਇਸ ਭੁਲੇਖੇ ਨੂੰ ਸਾਫ਼ ਨਾ ਕੀਤੇ ਜਾਣ ਨਾਲ ਕੀ ਇਹ ਸ਼ੱਕ ਪੱਕਾ ਨਹੀਂ ਹੁੰਦਾ ਕਿ ਅਜਿਹੀਆਂ ਪਾਬੰਦੀਆਂ ਨਾਲ ਸਭ ਕੁੱਝ ਲਿਖਣ ਵਿੱਚ ਲਿਖਾਰੀ ਵਿਦਵਾਨ ਦੀ ਕੋਈ ਨਿੱਜ ਸੁਆਰਥ ਵਾਲੀ ਡੂੰਘੀ ਸਾਜਿਸ਼ ਲੁਕੀ ਹੋਈ ਸੀ?

੧੦. ਕੀ ਦੁਨੀਆਂ ਦੇ ਕਿਸੇ ਹੋਰ ਧਰਮ ਦੇ ਗ੍ਰੰਥ ਵੀ ਕਿਸੇ ਦੇਵਤੇ ਨੇ ਲਿਖੇ ਹਨ, ਜਾਂ ਲਿਖਵਾਏ ਹਨ? ਕੀ ਲੋਕਾਂ ਨੂੰ ਉੱਲੂ ਬਣਾਉਣ ਲਈ ਕਿਸੇ ਉੱਚ ਕੋਟੀ ਦੇ ਵਿਦਵਾਨ ਬ੍ਰਾਹਮਣ ਨੇ ਸਭ ਕੁੱਝ ਆਪ ਹੀ ਲਿਖ ਕੇ ਦੈਵੀ ਸ਼ਕਤੀਆਂ ਦੇ ਮੂੰਹ ਵਿੱਚ ਤੇ ਨਹੀਂ ਪਾ ਦਿੱਤਾ ਸੀ?

– ਪਹਿਲਾ ਆਗਮੁ ਨਿਗਮੁ ਨਾਨਕੁ ਆਖਿ ਸੁਣਾਏ ਪੂਰੇ ਗੁਰ ਕਾ ਬਚਨੁ ਉਪਰਿ ਆਇਆ॥ (੩੦੪)

ਨਾਨਕ ਇਸ ਗੱਲ ਤੇ ਜ਼ੋਰ ਦੇ ਕੇ ਆਖਦਾ ਹੈ ਕਿ ਗੁਰਸਿੱਖਾਂ ਲਈ ਪਹਿਲਾ ਆਗਮ (ਸ਼ਾਸਤ੍ਰ) ਨਿਗਮ (ਵੇਦ) ਇਹੀ ਹੈ ਕਿ ਪੂਰੇ ਗੁਰੂ ਦਾ ਬਚਨ ਹੀ ਸਭ ਤੋਂ ਵਧੀਕ ਪ੍ਰਮਾਣਿਤ ਹੈ। ਭਾਵ ਵੇਦ ਬਾਣੀ ਗੁਰੂ ਦੇ ਬਚਨਾਂ ਤੋਂ ਹੇਠਾਂ ਹੈ।

ਜਿਨ੍ਹਾਂ ਸ਼ਬਦਾਂ ਵਿੱਚ ਵੇਦਾਂ, ਸ਼ਾਸਤ੍ਰਾਂ ਦੇ ਗਿਆਨ ਦਾ ਜ਼ਿਕਰ ਹੈ, ਉਨ੍ਹਾਂ ਵਿੱਚੋਂ ਕੁਝ ਕੁ ਹੇਠਾਂ ਦਰਜ਼ ਹਨ:

– ਮਨਹਠਿ ਕਿਤੈ ਉਪਾਇ ਨ ਛੂਟੀਐ ਸਿਮ੍ਰਿਤਿ ਸਾਸਤ੍ਰ ਸੋਧਹੁ ਜਾਇ॥
ਮਿਲਿ ਸੰਗਤਿ ਸਾਧੂ ਉਬਰੇ ਗੁਰ ਕਾ ਸਬਦੁ ਕਮਾਇ॥ (੬੫)

– ਬੇਦੁ ਪੁਕਾਰੇ ਵਾਚੀਐ ਬਾਣੀ ਬ੍ਰਹਮ ਬਿਆਸੁ॥ ਮੁਨਿ ਜਨ ਸੇਵਕ ਸਾਧਿਕਾ ਨਾਮਿ ਰਤੇ ਗੁਣਤਾਸੁ॥ (੫੭)

– ਸਾਸਤ ਸਿੰਮ੍ਰਿਤਿ ਬੇਦ ਚਾਰਿ ਮੁਖਾਗਰ ਬਿਚਰੇ॥ ਤਪੇ ਤਪੀਸਰ ਜੋਗੀਆ ਤੀਰਥਿ ਗਵਨੁ ਕਰੇ॥
ਖਟੁ ਕਰਮਾ ਤੇ ਦੁਗੁਣੇ ਪੂਜਾ ਕਰਤਾ ਨਾਇ॥ ਰੰਗੁ ਨ ਲਗੀ ਪਾਰਬ੍ਰਹਮ ਤਾ ਸਰਪਰ ਨਰਕੇ ਜਾਇ॥ (੭੦)

– ਮਨਹਠਿ ਕਿਨੈ ਨ ਪਾਇਓ ਪੁਛਹੁ ਵੇਦਾ ਜਾਇ॥ ਨਾਨਕ ਹਰਿ ਕੀ ਸੇਵਾ ਸੋ ਕਰੇ ਜਿਸੁ ਲਏ ਹਰਿ ਲਾਇ॥ (੮੬)

– ਸਿਮ੍ਰਿਤਿ ਸਾਸਤ ਬੇਦ ਵਖਾਣੈ॥ ਭਰਮੇ ਭੂਲਾ ਤਤੁ ਨ ਜਾਣੈ॥
ਬਿਨੁ ਸਤਿਗੁਰ ਸੇਵੇ ਸੁਖੁ ਨ ਪਾਏ ਦੁਖੋ ਦੁਖੁ ਕਮਾਵਣਿਆ॥ (੧੧੪)

– ਦੇਵੀ ਦੇਵਾ ਮੂਲੁ ਹੈ ਮਾਇਆ॥ ਸਿੰਮ੍ਰਿਤਿ ਸਾਸਤ ਜਿੰਨਿ ਉਪਾਇਆ॥
ਕਾਮੁ ਕ੍ਰੋਧੁ ਪਸਰਿਆ ਸੰਸਾਰੇ ਆਇ ਜਾਇ ਦੁਖੁ ਪਾਵਣਿਆ॥ (੧੨੯)

– ਮਾਇਆ ਮੋਹੁ ਜਗਤੁ ਸਬਾਇਆ॥ ਤ੍ਰੈ ਗੁਣ ਦੀਸਹਿ ਮੋਹੇ ਮਾਇਆ॥
ਗੁਰ ਪਰਸਾਦੀ ਕੋ ਵਿਰਲਾ ਬੂਝੈ ਚਉਥੈ ਪਦਿ ਲਿਵ ਲਾਵਣਿਆ॥ (੧੨੯)

– ਬੇਦਾ ਗੰਢੁ ਬੋਲੇ ਸਚੁ ਕੋਇ॥ ਮੁਇਆ ਗੰਢੁ ਨੇਕੀ ਸਤੁ ਹੋਇ॥
ਏਤੁ ਗੰਢਿ ਵਰਤੈ ਸੰਸਾਰੁ॥ ਮੂਰਖ ਗੰਢੁ ਪਵੈ ਮੁਹਿ ਮਾਰ॥ (੧੪੩)

– ਚਾਰਿ ਪਦਾਰਥ ਕਹੈ ਸਭੁ ਕੋਈ॥ ਸਿੰਮ੍ਰਿਤਿ ਸਾਸਤ ਪੰਡਿਤ ਮੁਖਿ ਸੋਈ॥
ਬਿਨੁ ਗੁਰ ਅਰਥੁ ਬੀਚਾਰੁ ਨ ਪਾਇਆ॥ ਮੁਕਤਿ ਪਦਾਰਥੁ ਭਗਤਿ ਹਰਿ ਪਾਇਆ॥ (੧੫੪)

- ਪੂਜਾ ਤਿਲਕ ਕਰਤ ਇਸਨਾਨਾਂ॥ ਛੁਰੀ ਕਾਢਿ ਲੇਵੈ ਹਥਿ ਦਾਨਾ॥
ਬੇਦੁ ਪੜੈ ਮੁਖਿ ਮੀਠੀ ਬਾਣੀ॥ ਜੀਆਂ ਕੁਹਤ ਨ ਸੰਗੈ ਪਰਾਣੀ॥ (੨੦੧)

- ਬੇਦ ਪੁਰਾਣ ਸਿੰਮ੍ਰਿਤਿ ਭਨੇ॥ ਸਭ ਊਚ ਬਿਰਾਜਿਤ ਜਨ ਸੁਨੇ॥ (੨੧੧)

- ਸਾਸਤ ਸਿੰਮ੍ਰਿਤਿ ਬੇਦ ਬੀਚਾਰੇ ਮਹਾ ਪੁਰਖਨ ਇਉ ਕਹਿਆ॥
ਬਿਨੁ ਹਰਿ ਭਜਨ ਨਾਹੀ ਨਿਸਤਾਰਾ ਸੂਖੁ ਨ ਕਿਨਹੂੰ ਲਹਿਆ॥ (੨੧੫)

- ਬਗਾ ਰਤਾ ਪੀਅਲਾ ਕਾਲਾ ਬੇਦਾ ਕਰੀ ਪੁਕਾਰ॥
ਹੋਇ ਕੁਚੀਲੁ ਰਹਾ ਮਲੁ ਧਾਰੀ ਦੁਰਮਤਿ ਮਤਿ ਵਿਕਾਰ॥ (੧੩੯)

- ਬ੍ਰਹਮਾ ਵੇਦੁ ਪੜੈ ਵਾਦੁ ਵਖਾਣੈ॥ ਅੰਤਰਿ ਤਾਮਸੁ ਆਪੁ ਨ ਪਛਾਣੈ॥
ਤਾ ਪ੍ਰਭੁ ਪਾਏ ਗੁਰ ਸਬਦੁ ਵਖਾਣੈ॥ (੨੩੧)

- ਬੇਦ ਪੁਰਾਨ ਸਿੰਮ੍ਰਿਤਿ ਸੁਧਾਖ੍ਰਰ॥ ਕੀਨੇ ਰਾਮ ਨਾਮ ਇਕ ਆਖ੍ਰਰ॥ (੨੬੨)

- ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਢੋਲਿ॥
ਪੂਜਸਿ ਨਾਹੀ ਹਰਿ ਹਰੇ ਨਾਨਕ ਨਾਮ ਅਮੋਲ॥ (੨੬੫)

- ਸਾਧ ਕੀ ਮਹਿਮਾ ਬੇਦ ਨ ਜਾਨਹਿ॥ ਜੇਤਾ ਸੁਨਹਿ ਤੇਤਾ ਬਖਿਆਨਹਿ॥ (੨੭੨)

- ਅਨਿਕ ਉਪਾਵ ਨ ਛੂਟਨਹਾਰੇ॥ ਸਿੰਮ੍ਰਿਤਿ ਸਾਸਤ ਬੇਦ ਬੀਚਾਰੇ॥ (੨੮੮)

- ਗੁਣ ਗੋਬਿੰਦ ਨਾਮ ਧੁਨਿ ਬਾਣੀ॥ ਸਿਮ੍ਰਿਤਿ ਸਾਸਤ੍ਰ ਬੇਦ ਬਖਾਣੀ॥
ਸਗਲ ਮਤਾਂਤ ਕੇਵਲ ਹਰਿ ਨਾਮ॥ ਗੋਬਿੰਦ ਭਗਤ ਕੈ ਮਨਿ ਬਿਸ੍ਰਾਮ॥ (੨੯੬)

- ਚਤੁਰਥਿ ਚਾਰੇ ਬੇਦ ਸੁਣਿ ਸੋਧਿਓ ਤਤੁ ਬੀਚਾਰੁ॥
ਸਰਬ ਖੇਮ ਕਲਿਆਣ ਨਿਧਿ ਰਾਮ ਨਾਮੁ ਜਪਿ ਸਾਰੁ॥ (੨੯੭)

- ਸਾਸਤ ਬੇਦ ਸਿੰਮ੍ਰਿਤਿ ਬਹੁ ਭੇਦ॥ ਅਠਸਠਿ ਮਜਨੁ ਹਰਿ ਰਸੁ ਰੇਦ॥ (੩੫੩)

- ਪੰਡਿਤ ਪੜਹਿ ਵਖਾਣਹਿ ਵੇਦੁ॥ ਅੰਤਰਿ ਵਸਤੁ ਨ ਜਾਣਹਿ ਭੇਦੁ॥
ਗੁਰ ਬਿਨੁ ਸੋਝੀ ਬੂਝ ਨ ਹੋਇ॥ ਸਾਚਾ ਰਵਿ ਰਹਿਆ ਪ੍ਰਭੁ ਸੋਇ॥ (੩੫੫)

- ਬੇਦ ਸਾਸਤ੍ਰ ਕਉ ਤਰਕਨਿ ਲਾਗਾ ਤਤੁ ਜੋਗੁ ਨ ਪਛਾਨੈ॥
ਉਘਰਿ ਗਇਆ ਜੈਸਾ ਖੋਟਾ ਢਬੂਆ ਨਦਰਿ ਸਰਾਫਾ ਆਇਆ॥ (੩੮੧)

- ਸਾਸਤ੍ਰ ਬੇਦ ਪਾਪ ਪੁੰਨ ਵੀਚਾਰ॥ ਨਰਕਿ ਸੁਰਗਿ ਫਿਰਿ ਫਿਰਿ ਅਉਤਾਰ॥ (੩੮੫)

- ਸਿੰਮ੍ਰਿਤਿ ਸਾਸਤ੍ਰ ਬਹੁ ਕਰਮ ਕਮਾਏ ਪ੍ਰਭ ਤੁਮਰੇ ਦਰਸ ਬਿਨੁ ਸੁਖੁ ਨਾਹੀ॥
ਵਰਤ ਨੇਮ ਸੰਜਮ ਕਰਿ ਥਾਕੇ ਨਾਨਕ ਸਾਧ ਸਰਨਿ ਪ੍ਰਭ ਸੰਗਿ ਵਸੈ॥ (੪੦੮)

- ਸਾਸਤੁ ਬੇਦੁ ਸਿੰਮ੍ਰਿਤਿ ਸਰੁ ਤੇਰਾ ਸੁਰਸਰੀ ਚਰਣ ਸਮਾਣੀ॥
ਸਾਖਾ ਤੀਨਿ ਮੂਲੁ ਮਤਿ ਰਾਵੈ ਤੂੰ ਤਾਂ ਸਰਬ ਵਿਡਾਣੀ॥ (੪੨੨)

- ਬੇਦ ਸਾਸਤ੍ਰ ਜਨ ਧਿਆਵਹਿ ਤਰਣ ਕਉ ਸੰਸਾਰੁ॥
ਕਰਮ ਧਰਮ ਅਨੇਕ ਕਿਰਿਆ ਸਭ ਊਪਰਿ ਨਾਮੁ ਅਚਾਰੁ॥(੪੦੫)

– ਸਾਮ ਕਹੈ ਸੇਤੰਬਰੁ ਸੁਆਮੀ ਸਚ ਮਹਿ ਆਛੈ ਸਾਚਿ ਰਹੇ॥
ਸਭੁ ਕੋ ਸਚਿ ਸਮਾਵੈ॥ ਰਿਗੁ ਕਹੈ ਰਹਿਆ ਭਰਪੂਰਿ॥
ਰਾਮ ਨਾਮੁ ਦੇਵਾ ਮਹਿ ਸੂਰੁ॥ ਨਾਇ ਲਇਐ ਪਰਾਛਤ ਜਾਹਿ॥
ਨਾਨਕ ਤਉ ਮੋਖੰਤਰੁ ਪਾਹਿ॥ ਜੁਜ ਮਹਿ ਜੋਰਿ ਛਲੀ ਚੰਦ੍ਰਾਵਲਿ ਕਾਨ੍ ਕ੍ਰਿਸਨੁ ਜਾਦਮੁ ਭਇਆ॥
ਪਾਰਜਾਤੁ ਗੋਪੀ ਲੈ ਆਇਆ ਬਿੰਦ੍ਰਾਬਨ ਮਹਿ ਰੰਗੁ ਕੀਆ॥
ਕਲਿ ਮਹਿ ਬੇਦੁ ਅਥਰਬਣੁ ਹੂਆ ਨਾਉ ਖੁਦਾਈ ਅਲਹੁ ਭਇਆ॥
ਨੀਲ ਬਸਤ੍ਰ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲੁ ਕੀਆ॥
ਚਾਰੇ ਵੇਦ ਹੋਏ ਸਚਿਆਰ॥ ਪੜਹਿ ਗੁਣਹਿ ਤਿਨ੍ ਚਾਰ ਵੀਚਾਰ॥
ਭਾਉ ਭਗਤਿ ਕਰਿ ਨੀਚੁ ਸਦਾਏ॥ ਤਉ ਨਾਨਕ ਮੋਖੰਤਰੁ ਪਾਏ॥ (੪੭੦)

– ਜਬ ਤੁਮ ਸੁਨਿ ਲੇ ਬੇਦ ਪੁਰਾਨਾਂ॥ ਤਬ ਹਮ ਇਤਨਕੁ ਪਸਰਿਓ ਤਾਨਾਂ॥ (੪੮੪)

– ਦਿਨਸੁ ਨ ਰੈਨਿ ਬੇਦੁ ਨਹੀ ਸਾਸਤ੍ਰ ਤਹਾ ਬਸੈ ਨਿਰੰਕਾਰਾ॥
ਕਹਿ ਕਬੀਰ ਨਰ ਤਿਸਹਿ ਧਿਆਵਹੁ ਬਾਵਰਿਆ ਸੰਸਾਰਾ॥ (੪੮੪)

– ਸਿਮ੍ਰਿਤਿ ਪੁਰਾਣ ਚਤੁਰ ਬੇਦਹ ਖਟੁ ਸਾਸਤ੍ਰ ਜਾ ਕਉ ਜਪਾਤਿ॥
ਪਤਿਤ ਪਾਵਨ ਭਗਤਿ ਵਛਲ ਨਾਨਕ ਮਿਲੀਐ ਸੰਗਿ ਸਾਤਿ॥ (੪੫੬)

– ਹਰਿ ਮੇਰਾ ਸਿਮ੍ਰਿਤਿ ਹਰਿ ਮੇਰਾ ਸਾਸਤ੍ਰ ਹਰਿ ਮੇਰਾ ਬੰਧਪੁ ਹਰਿ ਮੇਰਾ ਭਾਈ॥
ਹਰਿ ਕੀ ਮੈ ਭੂਖ ਲਾਗੈ ਹਰਿ ਨਾਮਿ ਮੇਰਾ ਮਨੁ ਤ੍ਰਿਪਤੈ ਹਰਿ ਮੇਰਾ ਸਾਕੁ ਅੰਤਿ ਹੋਇ ਸਖਾਈ॥ (੪੯੦)

– ਉਰਧ ਮੂਲ ਜਿਸੁ ਸਾਖ ਤਲਾਹਾ ਚਾਰਿ ਬੇਦ ਜਿਤੁ ਲਾਗੇ॥
ਸਹਜ ਭਾਇ ਜਾਇ ਤੇ ਨਾਨਕ ਪਾਰਬ੍ਰਹਮ ਲਿਵ ਜਾਗੇ॥ (੫੦੩)

– ਸਾਸਤ੍ਰ ਬੇਦ ਪੁਰਾਨ ਅਵਿਲੋਕੇ ਸਿਮ੍ਰਿਤਿ ਤਤੁ ਬੀਚਾਰਾ॥
ਦੀਨਾ ਨਾਥ ਪ੍ਰਾਨਪਤਿ ਪੂਰਨ ਭਵਜਲ ਉਧਰਨਹਾਰਾ॥ (੫੩੨)

– ਬ੍ਰਹਮੈ ਬੇਦ ਬਾਣੀ ਪਰਗਾਸੀ ਮਾਇਆ ਮੋਹ ਪਸਾਰਾ॥
ਮਹਾਦੇਉ ਗਿਆਨੀ ਵਰਤੈ ਘਰਿ ਆਪਣੈ ਤਾਮਸੁ ਬਹੁਤੁ ਅਹੰਕਾਰਾ॥ (੫੫੯)

– ਸਿੰਮ੍ਰਿਤਿ ਸਾਸਤ ਸੋਧਿਆ ਭਾਈ ਵਿਣੁ ਸਤਿਗੁਰ ਭਰਮੁ ਨ ਜਾਇ॥
ਅਨਿਕ ਕਰਮ ਕਰਿ ਥਾਕਿਆ ਭਾਈ ਫਿਰਿ ਫਿਰਿ ਬੰਧਨ ਪਾਇ॥ (੬੦੮)

– ਕਲ ਮੈ ਏਕੁ ਨਾਮੁ ਕਿਰਪਾ ਨਿਧਿ ਜਾਹਿ ਜਪੈ ਗਤਿ ਪਾਵੈ॥
ਅਉਰ ਧਰਮ ਤਾ ਕੈ ਸਮ ਨਾਹਨਿ ਇਹ ਬਿਧਿ ਬੇਦੁ ਬਤਾਵੈ॥ (੬੩੨)

– ਬੇਦ ਪੁਰਾਨ ਸਿਮ੍ਰਿਤਿ ਕੇ ਮਤ ਸੁਨਿ ਨਿਮਖ ਨ ਹੀਏ ਬਸਾਵੈ॥
ਪਰ ਧਨ ਪਰ ਦਾਰਾ ਸਿਉ ਰਚਿਓ ਬਿਰਥਾ ਜਨਮੁ ਸਿਰਾਵੈ॥ (੬੩੨)

– ਸਾਸਤੁ ਬੇਦੁ ਬਕੈ ਖੜੋ ਭਾਈ ਕਰਮ ਕਰਹੁ ਸੰਸਾਰੀ॥
ਪਾਖੰਡਿ ਮੈਲੁ ਨ ਚੂਕਈ ਭਾਈ ਅੰਤਰਿ ਮੈਲੁ ਵਿਕਾਰੀ॥ (੬੩੫)

– ਵੇਦ ਪੜਹਿ ਤੈ ਵਾਦ ਵਖਾਣਹਿ ਬਿਨੁ ਹਰਿ ਪਤਿ ਗਵਾਈ॥

ਸਚਾ ਸਤਿਗੁਰੁ ਸਾਚੀ ਜਿਸੁ ਬਾਣੀ ਭਜਿ ਛੁਟਹਿ ਗੁਰ ਸਰਣਾਈ॥ (੬੩੮)

– ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ॥
ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ॥ (੬੪੧)

– ਬੇਦ ਪੜੇ ਪੜਿ ਪੰਡਿਤ ਮੂਏ ਰੂਪੁ ਦੇਖਿ ਦੇਖਿ ਨਾਰੀ॥
ਰਾਮ ਨਾਮ ਬਿਨੁ ਸਭੈ ਬਿਗੂਤੇ ਦੇਖਹੁ ਨਿਰਖਿ ਸਰੀਰਾ॥ (੬੫੪)

– ਕਿਆ ਪੜੀਐ ਕਿਆ ਗੁਨੀਐ॥ ਕਿਆ ਬੇਦ ਪੁਰਾਨਾਂ ਸੁਨੀਐ॥
ਪੜੇ ਸੁਨੇ ਕਿਆ ਹੋਈ॥ ਜਉ ਸਹਜ ਨ ਮਿਲਿਓ ਸੋਈ॥
ਹਰਿ ਕਾ ਨਾਮੁ ਨ ਜਪਸਿ ਗਵਾਰਾ॥ ਕਿਆ ਸੋਚਹਿ ਬਾਰੰ ਬਾਰਾ॥ (੬੫੫)

– ਨਾਨਾ ਖਿਆਨ ਪੁਰਾਨ ਬੇਦ ਬਿਧਿ ਚਉਤੀਸ ਅਖਰ ਮਾਂਹੀ॥
ਬਿਆਸ ਬਿਚਾਰਿ ਕਹਿਓ ਪਰਮਾਰਥੁ ਰਾਮ ਨਾਮ ਸਰਿ ਨਾਹੀ॥ (੬੫੮)

– ਘੋਖੇ ਮੁਨਿ ਜਨ ਸਿੰਮ੍ਰਿਤਿ ਪੁਰਾਨਾਂ ਬੇਦ ਪੁਕਾਰਹਿ ਘੋਖ॥
ਕ੍ਰਿਪਾ ਸਿੰਧੁ ਸੇਵਿ ਸਚੁ ਪਾਈਐ ਦੋਵੈ ਸੁਹੇਲੇ ਲੋਕ॥ (੬੮੨)

– ਪੜੇ ਰੇ ਸਗਲ ਬੇਦ ਨਹ ਚੂਕੈ ਮਨ ਭੇਦ ਇਕੁ ਖਿਨੁ ਨ ਧੀਰਹਿ ਮੇਰੇ ਘਰ ਕੇ ਪੰਚਾ॥
ਕੋਈ ਐਸੋ ਰੇ ਭਗਤੁ ਜੁ ਮਾਇਆ ਤੇ ਰਹਤੁ ਇਕੁ ਅੰਮ੍ਰਿਤ ਨਾਮੁ ਮੇਰੈ ਰਿਦੈ ਸਿੰਚਾ॥ (੬੮੭)

– ਚਾਰਿ ਬੇਦ ਅਰੁ ਸਿੰਮ੍ਰਿਤਿ ਪੁਰਾਨਾਂ॥ ਕਮਲਾਪਤਿ ਕਵਲਾ ਨਹੀ ਜਾਨਾਂ॥
ਕਹਿ ਕਬੀਰ ਸੋ ਭਰਮੈ ਨਾਹੀ॥ ਪਗ ਲਗਿ ਰਾਮ ਰਹੈ ਸਰਨਾਂਹੀ॥ (੬੯੧)

– ਬੇਦ ਪੜੇ ਪੜਿ ਬ੍ਰਹਮੇ ਹਾਰੇ ਇਕੁ ਤਿਲੁ ਨਹੀ ਕੀਮਤਿ ਪਾਈ॥
ਸਾਧਿਕ ਸਿਧ ਫਿਰਹਿ ਬਿਲਲਾਤੇ ਤੇ ਭੀ ਮੋਹੇ ਮਾਈ॥ (੭੪੭)

– ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ ਇਨ੍ ਪੜਿਆ ਮੁਕਤਿ ਨ ਹੋਈ॥
ਏਕੁ ਅਖਰੁ ਜੋ ਗੁਰਮੁਖਿ ਜਾਪੈ ਤਿਸ ਕੀ ਨਿਰਮਲ ਸੋਈ॥ (੭੪੭)

– ਦੀਵਾ ਬਲੈ ਅੰਧੇਰਾ ਜਾਇ॥ ਬੇਦ ਪਾਠ ਮਤਿ ਪਾਪਾ ਖਾਇ॥
ਬੇਦ ਪਾਠ ਸੰਸਾਰ ਕੀ ਕਾਰ॥ ਪੜ੍ਹਿ ਪੜ੍ਹਿ ਪੰਡਿਤ ਕਰਹਿ ਬੀਚਾਰ॥ (੭੯੧)

– ਸਿੰਮ੍ਰਿਤਿ ਸਾਸਤ ਬੇਦ ਬੀਚਾਰੇ॥ ਜਪੀਐ ਨਾਮੁ ਜਿਤੁ ਪਾਰਿ ਉਤਾਰੇ॥ (੮੦੪)

– ਬੇਦੁ ਪੁਕਾਰੈ ਭਗਤਿ ਸਰੋਤਿ॥ ਸੁਣਿ ਸੁਣਿ ਮਾਨੈ ਵੇਖੈ ਜੋਤਿ॥ (੮੩੧)

– ਸਿਮ੍ਰਿਤਿ ਸਾਸਤ੍ਰ ਬੇਦ ਪੁਰਾਣ॥ ਪਾਰਬ੍ਰਹਮ ਕਾ ਕਰਹਿ ਵਖਿਆਣ॥ (੮੬੭)

– ਸੋਹਾਗਨਿ ਭਵਨ ਤ੍ਰੈ ਲੀਆ॥ ਦਸ ਅਠ ਪੁਰਾਣ ਤੀਰਥ ਰਸ ਕੀਆ॥
ਬ੍ਰਹਮਾ ਬਿਸਨੁ ਮਹੇਸਰ ਬੇਧੇ॥ ਬਡੇ ਭੂਪਤਿ ਰਾਜੇ ਹੈ ਛੇਧੇ॥ (੮੭੨)

– ਸਿਮ੍ਰਿਤਿ ਸਾਸਤ੍ਰ ਪੁੰਨ ਪਾਪ ਬੀਚਾਰਦੇ ਤਤੈ ਸਾਰ ਨ ਜਾਣੀ॥
ਤਤੈ ਸਾਰ ਨ ਜਾਣੀ ਗੁਰੂ ਬਾਝਹੁ ਤਤੈ ਸਾਰ ਨ ਜਾਣੀ॥ (੯੨੦)

– ਜਿਹ ਮੁਖ ਬੇਦੁ ਗਾਇਤ੍ਰੀ ਨਿਕਸੈ ਸੋ ਕਿਉ ਬ੍ਰਹਮਨੁ ਬਿਸਰੁ ਕਰੈ॥

ਜਾ ਕੈ ਪਾਇ ਜਗਤੁ ਸਭੁ ਲਾਗੈ ਸੋ ਕਿਉ ਪੰਡਿਤੁ ਹਰਿ ਨ ਕਹੈ॥
ਕਾਹੇ ਮੇਰੇ ਬਾਮ੍ਹਨ ਹਰਿ ਨ ਕਹਹਿ॥ ਰਾਮੁ ਨ ਬੋਲਹਿ ਪਾਡੇ ਦੋਜਕੁ ਭਰਹਿ॥ (੯੭੦)

– ਸਾਸਤ੍ਰ ਬੇਦ ਸੋਧਿ ਸੋਧਿ ਦੇਖੇ ਮੁਨਿ ਨਾਰਦ ਬਚਨ ਪੁਕਾਰੇ॥
ਰਾਮ ਨਾਮੁ ਪੜਹੁ ਗਤਿ ਪਾਵਹੁ ਸਤਸੰਗਤਿ ਗੁਰਿ ਨਿਸਤਾਰੇ॥ (੯੮੩)

– ਸਾਸਤੁ ਨ ਹੋਤਾ ਬੇਦੁ ਨ ਹੋਤਾ ਕਰਮੁ ਕਹਾਂ ਤੇ ਆਇਆ॥ (੯੭੩)

– ਬੇਦ ਪੁਰਾਣ ਕਥੇ ਸੁਣੇ ਹਾਰੇ ਮੁਨੀ ਅਨੇਕਾ॥ ਅਠਸਿਠ ਤੀਰਥ ਬਹੁ ਘਣਾ ਭ੍ਰਮਿ ਥਾਕੇ ਭੇਖਾ॥
ਸਾਚੋ ਸਾਹਿਬੁ ਨਿਰਮਲੋ ਮਨਿ ਮਾਨੈ ਏਕਾ॥ (੧੦੦੮)

– ਜਗਿ ਚਤੁਰੁ ਸਿਆਣਾ ਭਰਮਿ ਭੁਲਾਣਾ ਨਾਉ ਪੰਡਿਤ ਪੜਹਿ ਗਾਵਾਰੀ॥
ਨਾਉ ਵਿਸਾਰਹਿ ਬੇਦੁ ਸਮਾਲਹਿ ਬਿਖੁ ਭੂਲੇ ਲੇਖਾਰੀ॥ (੧੦੧੫)

– ਚਾਰਿ ਬੇਦ ਚਾਰੇ ਖਾਣੀ॥ ਖੰਡ ਦੀਪ ਸਭਿ ਲੋਆ॥
ਏਕ ਕਵਾਵੈ ਤੇ ਸਭਿ ਹੋਆ॥ ਕਰਣੈਹਾਰਾ ਬੂਝਹੁ ਰੇ॥ (੧੦੦੩)

– ਬੇਦੁ ਪੁਕਾਰੈ ਮੁਖ ਤੇ ਪੰਡਤ ਕਾਮਾਮਨ ਕਾ ਮਾਠਾ॥ ਮੋਨੀ ਹੋਇ ਬੈਠਾ ਇਕਾਂਤੀ ਹਿਰਦੈ ਕਲਪਨ ਗਾਠਾ॥
ਹੋਇ ਉਦਾਸੀ ਗ੍ਰਿਹੁ ਤਜਿ ਚਲਿਓ ਛੁਟਕੈ ਨਾਹੀ ਨਾਠਾ॥ (੧੦੦੩)

– ਹਉ ਅਨਦਿਨੁ ਨਾਮੁ ਲਈ ਕਰਤਾਰੇ॥ ਜਿਨਿ ਸੇਵਕ ਭਗਤ ਸਭੇ ਨਿਸਤਾਰੇ॥
ਦਸ ਅਠ ਚਾਰਿ ਵੇਦ ਸਭਿ ਪੂਛਹੁ ਜਨ ਨਾਨਕ ਨਾਮੁ ਛਡਾਈ ਜੀਉ॥ (੯੯੮)

– ਸਿਮ੍ਰਿਤਿ ਸਾਸਤ੍ਰ ਬਹੁਤੁ ਬਿਸਥਾਰਾ॥ ਮਾਇਆ ਮੋਹੁ ਪਸਰਿਆ ਪਾਸਾਰਾ॥
ਮੂਰਖ ਪੜਹਿ ਸਬਦੁ ਨ ਬੂਝਹਿ ਗੁਰਮੁਖਿ ਵਿਰਲੈ ਜਾਤਾ ਹੇ॥ (੧੦੫੩)

– ਬ੍ਰਹਮਾ ਬਿਸਨੁ ਮਹੇਸੁ ਵੀਚਾਰੀ॥ ਤ੍ਰੈ ਗੁਣ ਬਧਕ ਮੁਕਤਿ ਨਿਰਾਰੀ॥
ਗੁਰਮੁਖਿ ਗਿਆਨੁ ਏਕੋ ਹੈ ਜਾਤਾ ਅਨਦਿਨੁ ਨਾਮੁ ਰਵੀਜੈ ਹੇ॥ (੧੦੪੯)

– ਸਿੰਮ੍ਰਿਤਿ ਸਾਸਤ ਨ ਸੋਧਨੀ ਮਨਮੁਖ ਵਿਗੁਤੇ॥ ਬਿਨੁ ਗੁਰ ਕਿਨੈ ਨ ਪਾਇਓ ਹਰਿ ਨਾਮੁ ਹਰਿ ਸਤੇ॥
ਤਤੁ ਗਿਆਨੁ ਵੀਚਾਰਿਆ ਹਰਿ ਜਪਿ ਹਰਿ ਗਤੇ॥ (੧੦੯੩)

– ਗੁਰ ਕੀ ਭਗਤਿ ਕਰਹਿ ਕਿਆ ਪ੍ਰਾਣੀ॥ ਬ੍ਰਹਮੈ ਇੰਦ੍ਰਿ ਮਹੇਸਿ ਨ ਜਾਣੀ॥
ਸਤਿਗੁਰੁ ਅਲਖੁ ਕਹਹੁ ਕਿਉ ਲਖੀਐ ਜਿਸੁ ਬਖਸੇ ਤਿਸਹਿ ਪਛਾਤਾ ਹੇ॥ (੧੦੩੨)

– ਸਿਮ੍ਰਿਤਿ ਸਾਸਤ ਸੋਧਿ ਦੇਖੁ ਊਤਮ ਹਰਿ ਦਾਸਾ॥
ਨਾਨਕ ਨਾਮ ਬਿਨਾ ਕੋ ਥਿਰੁ ਨਹੀ ਨਾਮੇ ਬਲਿ ਜਾਸਾ॥ (੧੦੯੦)

– ਸਿੰਮ੍ਰਿਤਿ ਸਾਸਤ੍ਰ ਪੜਹਿ ਮੁਨਿ ਕੇਤੇ ਬਿਨੁ ਸਬਦੈ ਸੁਰਤਿ ਨ ਪਾਈ॥
ਤ੍ਰੈ ਗੁਣ ਸਭੇ ਰੋਗਿ ਵਿਆਪੇ ਮਮਤਾ ਸੁਰਤਿ ਗਵਾਈ॥ (੧੧੩੦)

– ਸਾਸਤ੍ਰ ਬੇਦ ਤ੍ਰੈ ਗੁਣ ਹੈ ਮਾਇਆ ਅੰਧੁਲਉ ਧੰਧੁ ਕਮਾਈ॥ (੧੧੨੬)

– ਅਨਦਿਨੁ ਹਰਿ ਗੁਣ ਗਾਵੈ ਸੋਇ॥ ਸਾਸਤ੍ਰ ਬੇਦ ਕੀ ਫਿਰਿ ਕੂਕ ਨ ਹੋਇ॥ (੧੨੬੧)

– ਹਰਿ ਕੇ ਨਾਮ ਕੀ ਗਤਿ ਠਾਂਢੀ॥ ਬੇਦ ਪੁਰਾਨ ਸਿਮ੍ਰਿਤਿ ਸਾਧੂ ਜਨ ਖੋਜਤ ਖੋਜਤ ਕਾਢੀ॥ (੧੨੧੮)

– ਵੇਦ ਪੜੈ ਪੜਿ ਵਾਦੁ ਵਖਾਣੈ ਬ੍ਰਹਮਾ ਬਿਸਨੁ ਮਹੇਸਾ॥
ਏਹ ਤ੍ਰਿਗੁਣ ਮਾਇਆ ਜਿਨਿ ਜਗਤੁ ਭੁਲਾਇਆ ਜਨਮ ਮਰਨ ਕਾ ਸਹਸਾ॥ (੧੨੫੭)

– ਤ੍ਰੈ ਗੁਣ ਸਭਾ ਧਾਤੁ ਹੈ ਪੜਿ ਪੜਿ ਕਰਹਿ ਵੀਚਾਰੁ॥ ਮੁਕਤਿ ਕਦੇ ਨ ਹੋਵਈ ਨਹੁ ਪਾਇਨ੍ਹਿ ਮੋਖ ਦੁਆਰੁ॥
ਬਿਨੁ ਸਤਿਗੁਰ ਬੰਧਨ ਨ ਤੁਟਹੀ ਨਾਮਿ ਨ ਲਗੈ ਪਿਆਰੁ॥
ਪੜਿ ਪੜਿ ਪੰਡਿਤ ਮੋਨੀ ਥਕੇ ਬੇਦਾਂ ਕਾ ਅਭਿਆਸੁ॥
ਹਰਿ ਨਾਮੁ ਚਿਤਿ ਨ ਆਵਈ ਨਹ ਨਿਜ ਘਰਿ ਹੋਵੈ ਵਾਸੁ॥
ਜਮਕਾਲੁ ਸਿਰਹੁ ਨ ਉਤਰੈ ਅੰਤਰਿ ਕਪਟ ਵਿਣਾਸੁ॥ (੧੨੭੭)

ਗੁਰਮਤਿ ਸਿਧਾਂਤ ਦੇ ਹਰ ਪੱਖ ਨੂੰ ਸਪੱਸ਼ਟ ਕਰਨ ਲਈ ਏਨੇ ਜ਼ਿਆਦਾ ਸ਼ਬਦ ਲਿਖਣ ਦੀ ਖੇਚਲ ਕਰਨ ਤੋਂ ਗੁਰਦੇਵ ਦਾ ਮੰਤਵ ਕੀ ਸੀ? ਇਹ ਪ੍ਰਸ਼ਨ ਕਦੇ ਸਾਡੇ ਮਨਾਂ ਵਿੱਚ ਉਪਜਿਆ ਹੀ ਨਹੀਂ। ਕੀ ਇਸ ਮਹਾਨ ਖੇਚਲ ਦੇ ਪਿੱਛੇ ਗੁਰਦੇਵ ਦੀ ਕੋਈ ਸੱਧਰ ਤਾਂ ਨਹੀਂ ਲੁਕੀ ਹੋਈ? ਕੀ ਉਨ੍ਹਾਂ ਦੀ ਦਿਲੀ ਸੱਧਰ ਇਹ ਤਾਂ ਨਹੀਂ ਕਿ ਗੁਰਸਿੱਖ ਗੁਰਮਤਿ ਦੇ ਹਰ ਪੱਖ ਨੂੰ ਚੰਗੀ ਤਰ੍ਹਾਂ ਦ੍ਰਿੜ੍ਹ ਕਰ ਲਵੇ? ਕੀ ਸਾਨੂੰ ਕਦੇ ਇਹ ਅਹਿਸਾਸ ਵੀ ਹੋਇਆ ਸੀ ਕਿ ਵੇਦਾਂ ਸ਼ਾਸ਼ਤਰਾਂ ਬਾਰੇ ਬਣੇ ਭਰਮ ਨੂੰ ਕੱਢਣ ਵਾਸਤੇ ਏਨੇ ਅਥਵਾ ਇਨ੍ਹਾਂ ਤੋਂ ਵੀ ਵੱਧ ਸ਼ਬਦਾਂ ਵਿੱਚ ਇਨ੍ਹਾਂ ਬ੍ਰਾਹਮਣੀ ਧਰਮ ਗ੍ਰੰਥਾਂ ਦਾ ਜ਼ਿਕਰ ਕੀਤਾ ਹੋਵੇਗਾ? ਕੀ ਕਿਤੇ ਅਸੀਂ ਅਕ੍ਰਿਤਘਣ ਤੇ ਨਹੀਂ ਹਾਂ? ਕਿਤੇ ਇਹ ਭਾਣਾ ਤੇ ਨਹੀਂ ਵਰਤ ਗਿਆ ਹੋਇਆ ਕਿ ਅਸੀਂ ਬਿੱਪ੍ਰਨ ਕੀ ਰੀਤਿ ਦੇ ਧਾਰਨੀ ਹੋਣਾ ਝੱਲ ਚੁੱਕੇ ਹਾਂ? ਕੀ ਅਸੀਂ ਹੁਣ ਇਸ ਬ੍ਰਾਹਮਣੀ ਮਾਇਆ ਜਾਲ ਵਿੱਚੋਂ ਨਿਕਲ ਨਹੀਂ ਸਕਦੇ? ਕਿਉਂ ਨਹੀਂ, **“ਆਜੁ ਮਿਲਾਵਾ ਸੇਖ ਫਰੀਦ ਟਾਕਿਮ ਕੂੰਜੜੀਆ ਮਨਹੁ ਮਚਿੰਦੜੀਆ (੪੮੮)॥”** ਅਤੇ **“ਮਿਲਦਿਆ ਢਿਲ ਨ ਹੋਵਈ ਜੇ ਨੀਅਤਿ ਰਾਸਿ ਕਰੇ (੫੯੪)॥”**? ਆਉ ਰਲ ਮਿਲ ਕੇ ਆਪਾ ਫਰੋਲੀਏ ਅਤੇ ਸਤਿਗੁਰਾਂ ਅੱਗੇ ਜੋਦੜੀ ਕਰੀਏ ਕਿ ਹੇ ਸੱਚੇ ਪਾਤਿਸ਼ਾਹ ਜੀਉ! ਸਾਨੂੰ ਸਾਡੀ ਭੈੜੀ ਮਤਿ ਕੋਲੋਂ ਛੁਟਕਾਰਾ ਦਿਵਾਉ:

– ਮਤੜੀ ਕਾਂਢਕੁ ਆਹ ਪਾਵ ਧੋਵੰਦੋ ਪੀਵਸਾ॥ ਮੂ ਤਨਿ ਪ੍ਰੇਮੁ ਅਥਾਹ ਪਸਣ ਕੂ ਸਚਾ ਧਣੀ॥ (੧੦੯੯)